

ਪਾਠ-13

# ਪਾਣੀ-ਜੀਵਨ ਦਾ ਆਧਾਰ

ਅੱਜ ਸਕੂਲ ਦੀ ਸਵੇਰ ਦੀ ਸਭਾ ਵੇਲੇ ਹੀ ਬਹੁਤ ਗਰਮੀ ਸੀ। ਇਸ ਲਈ ਸਭਾ ਮਗਰੋਂ ਜਮਾਤ ਵਿੱਚ ਆਉਂਦਿਆ ਹੀ ਸੁਰਿੰਦਰ ਨੇ ਅਧਿਆਪਕ ਨੂੰ ਪੁੱਛਿਆ, "ਕੀ ਮੈਂ ਪਾਣੀ ਪੀਣ ਲਈ ਜਾ ਸਕਦਾ ਹਾਂ ਜੀ?" ਅਧਿਆਪਕ ਨੇ ਉਸਨੂੰ ਜਾਣ ਦੀ ਆਗਿਆ ਦਿੰਦਿਆਂ ਕਿਹਾ, "ਬੱਚਿਓ! ਅੱਜ ਗਰਮੀ ਬਹੁਤ ਹੈ, ਇਸ ਲਈ ਜਿਸ ਬੱਚੇ ਨੇ ਵੀ ਪਾਣੀ ਪੀਣਾ ਹੈ, ਉਹ ਜਾ ਸਕਦਾ ਹੈ।" ਬਹੁਤ ਸਾਰੇ ਬੱਚੇ ਪਾਣੀ ਪੀਣ ਚਲੇ ਗਏ।

"ਕੀ ਕੋਈ ਦੱਸ ਸਕਦਾ ਹੈ ਕਿ ਅਸੀਂ ਪਾਣੀ ਕਿਉਂ ਪੀਂਦੇ ਹਾਂ?" "ਜੀ ਸਾਨੂੰ ਪਿਆਸ ਲੱਗਦੀ ਹੈ।" ਬੱਚਿਆਂ ਦਾ ਉੱਤਰ ਸੀ। "ਤੇ ਜੇ ਸਾਨੂੰ ਪਿਆਸ ਲੱਗਣ 'ਤੇ ਪਾਣੀ ਨਾ ਮਿਲੇ, ਫੇਰ ?" ਅਧਿਆਪਕ ਦਾ ਅਗਲਾ ਪ੍ਰਸ਼ਨ ਸੀ। "ਫੇਰ ਤਾਂ ਜੀ ਅਸੀਂ ਪਿਆਸ ਨਾਲ਼ ਹੀ ਮਰ ਜਾਵਾਂਗੇ।" ਰਜਨੀ ਬੋਲੀ।

**ਜਲ ਹੀ ਜੀਵਨ ਹੈ**

ਪਿਆਰੇ ਬੱਚਿਓ! ਇਸ ਲਈ ਤਾਂ ਕਹਿੰਦੇ ਹਨ ਕਿ ਜਲ ਹੀ ਜੀਵਨ ਹੈ ਭਾਵ-ਪਾਣੀ ਜੀਵਨ ਦਾ ਆਧਾਰ ਹੈ। ਪਾਣੀ ਤੋਂ ਬਿਨਾ ਅਸੀਂ ਜਿਊਂਦੇ ਨਹੀਂ ਰਹਿ ਸਕਦੇ।

ਸਾਡੇ ਸਰੀਰ ਵਿੱਚ ਬਹੁਤਾ ਭਾਗ ਪਾਣੀ ਹੀ ਹੈ। ਇਹ ਭੋਜਨ ਨੂੰ ਪਚਾਉਣ ਵਿਚ ਵੀ ਸਾਡੀ ਮਦਦ ਕਰਦਾ ਹੈ। ਮਨੁੱਖ ਤੋਂ ਇਲਾਵਾ ਜੀਵ-ਜੰਤੂਆਂ ਲਈ ਵੀ ਪਾਣੀ ਬਹੁਤ ਜ਼ਰੂਰੀ ਹੈ। ਕੋਈ ਵੀ ਜੀਵ-ਜੰਤੂ ਪਾਣੀ ਤੋਂ ਬਿਨਾ ਨਹੀਂ ਰਹਿ ਸਕਦਾ। ਤੁਸੀਂ ਆਪਣੇ ਘਰਾਂ ਵਿੱਚ ਪਾਲਤੂ ਪਸ਼ੂ ਵੀ ਰੱਖੇ ਹੋਣਗੇ ਜਿਨ੍ਹਾਂ ਨੂੰ ਸਮੇਂ-ਸਮੇਂ ਤੇ ਪਾਣੀ ਪਿਆਇਆ ਜਾਂਦਾ ਹੋਵੇਗਾ।

ਮੱਝਾਂ ਅਤੇ ਗਾਂਵਾਂ ਕਈ-ਕਈ ਬਾਲਟੀਆਂ ਪਾਣੀ ਇੱਕ ਵਾਰ 'ਚ ਹੀ ਪੀ ਜਾਂਦੀਆਂ ਹਨ ਜਦਕਿ ਕੁੱਤੇ-ਬਿੱਲੀਆਂ ਵਰਗੇ ਛੋਟੇ ਜਾਨਵਰਾਂ ਨੂੰ ਅਸੀਂ ਕੌਲੀਆਂ-ਬਾਟੀਆਂ ਵਿੱਚ ਪਾਣੀ ਪਿਆਉਂਦੇ ਹਾਂ। ਜੰਗਲੀ ਜਾਨਵਰ ਜੰਗਲ ਵਿੱਚ ਹੀ ਕਿਸੇ ਛੱਪੜ ਜਾਂ ਨਦੀ ਵਿੱਚੋਂ ਪਾਣੀ ਪੀ ਲੈਂਦੇ ਹਨ। ਕਈ ਜੀਵ-ਜੰਤੂ ਤਾਂ ਰਹਿੰਦੇ ਹੀ ਪਾਣੀ ਵਿੱਚ ਹਨ ਜਿਨ੍ਹਾਂ ਬਾਰੇ ਅਸੀਂ ਅਗਲੀਆਂ ਜਮਾਤਾਂ ਵਿੱਚ ਪੜ੍ਹਾਂਗੇ।

ਇਸ ਤੋਂ ਬਿਨਾਂ ਪੌਦਿਆਂ ਅਤੇ ਬਨਸਪਤੀ ਲਈ ਵੀ ਪਾਣੀ ਜ਼ਰੂਰੀ ਹੈ। ਪੌਦੇ, ਪਾਣੀ ਤੋਂ ਬਿਨਾਂ ਵਧ-ਫੁੱਲ ਨਹੀਂ ਸਕਦੇ। ਪੌਦੇ ਆਪਣੀਆਂ ਜੜ੍ਹਾਂ ਰਾਹੀਂ ਧਰਤੀ 'ਚੋਂ ਪਾਣੀ ਚੂਸਦੇ ਹਨ, ਸਾਨੂੰ ਸਮੇਂ-ਸਮੇਂ ਤੇ ਪੌਦਿਆਂ ਅਤੇ ਖੇਤਾਂ ਨੂੰ ਪਾਣੀ ਦੇਣਾ ਪੈਂਦਾ ਹੈ।

**ਕਿਰਿਆ—1** ਨੋਟ ਕਰੋ, ਤੁਸੀਂ ਰੋਜ਼ਾਨਾ ਕਿੰਨੇ ਗਲਾਸ ਪਾਣੀ ਪੀਂਦੇ ਹੋ।

**ਅਧਿਆਪਕ ਲਈ—** ਬੱਚਿਆਂ ਨੂੰ ਦੱਸੋ ਕਿ ਸਾਨੂੰ ਇੱਕ ਦਿਨ ਵਿੱਚ ਕਿੰਨਾ ਪਾਣੀ ਪੀਣਾ ਚਾਹੀਦਾ ਹੈ।







ਖੇਤਾਂ ਵਿੱਚ ਫ਼ਸਲਾਂ ਨੂੰ ਵੀ ਸਮੇਂ-ਸਮੇਂ 'ਤੇ ਪਾਣੀ ਦੀ ਲੋੜ ਪੈਂਦੀ ਹੈ। ਤੁਸੀਂ ਵੇਖਿਆ ਹੋਵੇਗਾ ਕਿ ਖੇਤਾਂ ਵਿੱਚ ਟਿਊਬਵੈੱਲਾਂ ਰਾਹੀਂ ਫ਼ਸਲਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਇਸਦਾ ਅਰਥ ਇਹ ਹੈ ਕਿ ਜੇਕਰ ਪਾਣੀ ਨਾ ਹੋਵੇ ਤਾਂ ਫ਼ਸਲਾਂ ਵੀ ਨਹੀਂ ਹੋਣਗੀਆਂ ਅਤੇ ਨਾ ਹੀ ਅਨਾਜ ਹੋਵੇਗਾ ਜਿਸ ਤੋਂ ਸਾਡਾ ਭੋਜਨ ਬਣਦਾ ਹੈ। ਇਸ ਲਈ ਪਾਣੀ ਤੋਂ ਬਿਨਾ ਸਾਨੂੰ ਅਨਾਜ ਵੀ ਨਹੀਂ ਮਿਲ ਸਕਦਾ।

**ਸੋਚੋ ! ਜੇਕਰ ਸਾਨੂੰ ਪਾਣੀ ਨਾ ਮਿਲੇ ਤਾਂ ਕੀ ਹੋਵੇਗਾ ?**

### ਰੋਜ਼ਾਨਾ ਜੀਵਨ ਵਿੱਚ ਪਾਣੀ ਦੀ ਵਰਤੋਂ—



ਬੁਰਸ਼ ਕਰਨਾ



ਨਹਾਉਣਾ



ਕੱਪੜੇ ਧੋਣਾ



ਖਾਣਾ ਪਕਾਉਣਾ



ਬਰਤਨ ਧੋਣਾ



ਸਫ਼ਾਈ ਕਰਨਾ



ਖੇਤਾਂ ਨੂੰ ਪਾਣੀ ਦੇਣਾ



ਬਗ਼ੀਚੇ ਨੂੰ ਪਾਣੀ ਦੇਣਾ

ਅਸੀਂ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੇ ਕੰਮਾਂ ਲਈ ਪਾਣੀ ਦੀ ਵਰਤੋਂ ਕਰਦੇ ਹਾਂ। ਬੱਚਿਓ! ਦਿੱਤੀਆਂ ਗਈਆਂ ਤਸਵੀਰਾਂ ਨੂੰ ਵੇਖ ਕੇ ਕੀ ਤੁਸੀਂ ਦੱਸ ਸਕਦੇ ਹੋ ਕਿ ਪਾਣੀ ਦੀ ਵਰਤੋਂ ਅਸੀਂ ਕਿਹੜੇ-ਕਿਹੜੇ ਕੰਮਾਂ ਲਈ ਕਰਦੇ ਹਾਂ ? ਇਸ ਦੀ ਇੱਕ ਸੂਚੀ ਬਣਾਓ—

| ਪਾਣੀ ਦੀ ਵਰਤੋਂ ਦੀ ਸੂਚੀ | |
|---|---|
| 1. .................. | 6. .................. |
| 2. .................. | 7. .................. |
| 3. .................. | 8. .................. |
| 4. .................. | 9. .................. |
| 5. .................. | 10. .................. |

ਇਨ੍ਹਾਂ ਕੰਮਾਂ ਤੋਂ ਇਲਾਵਾ ਕਈ ਫੈਕਟਰੀਆਂ ਅਤੇ ਕਾਰਖਾਨਿਆਂ ਵਿੱਚ ਵੀ ਪਾਣੀ ਦੀ ਬਹੁਤ ਵਰਤੋਂ ਹੁੰਦੀ ਹੈ।



## ਯਾਦ ਰੱਖਣ ਯੋਗ ਗੱਲਾਂ

- ਪਾਣੀ ਹੀ ਇਸ ਧਰਤੀ 'ਤੇ ਜੀਵਨ ਦਾ ਆਧਾਰ ਹੈ।
- ਪਾਣੀ ਤੋਂ ਬਿਨਾ ਮਨੁੱਖ, ਜੀਵ-ਜੰਤੂ ਅਤੇ ਪੌਦੇ ਜਿਉਂਦੇ ਨਹੀਂ ਰਹਿ ਸਕਦੇ।
- ਪਾਣੀ ਤੋਂ ਬਿਨਾ ਫ਼ਸਲਾਂ ਵੀ ਪੈਦਾ ਨਹੀਂ ਹੋ ਸਕਦੀਆਂ।
- ਪਾਣੀ ਰੋਜ਼ਾਨਾ ਜੀਵਨ ਵਿੱਚ ਸਾਡੇ ਕਈ ਕੰਮ ਆਉਂਦਾ ਹੈ।
- ਪਾਣੀ ਦੀ ਵਰਤੋਂ ਕਈ ਕਾਰਖ਼ਾਨਿਆਂ ਵਿੱਚ ਵੀ ਕੀਤੀ ਜਾਂਦੀ ਹੈ।
- ਪਾਣੀ ਤੋਂ ਬਿਜਲੀ ਵੀ ਪੈਦਾ ਕੀਤੀ ਜਾਂਦੀ ਹੈ।



1. ਖ਼ਾਲੀ ਥਾਂਵਾਂ ਭਰੋ—

(ਪਿਆਸ, ਪਾਣੀ, ਜੀਵਨ, ਜਿਉਂਦੇ, ਬਿਜਲੀ)

(ੳ) ਪਾਣੀ ਹੀ ........................ ਹੈ।

(ਅ) ਪਾਣੀ ਹੀ ਸਾਡੀ ........................ ਬੁਝਾਉਂਦਾ ਹੈ।

(ੲ) ਪਾਣੀ ਤੋਂ ਬਿਨਾਂ ਅਸੀਂ ........................ ਨਹੀਂ ਰਹਿ ਸਕਦੇ।

(ਸ) ਪਾਣੀ ਤੋਂ ........................ ਵੀ ਪੈਦਾ ਕੀਤੀ ਜਾਂਦੀ ਹੈ।

(ਹ) ਸਾਡੇ ਸਰੀਰ ਵਿੱਚ ਬਹੁਤਾ ਭਾਗ ........................ ਹੀ ਹੈ।

2. **ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਓ—**

(ੳ) ਪਿਆਸ ਲੱਗਣ 'ਤੇ ਅਸੀਂ ਸਭ ਤੋਂ ਪਹਿਲਾਂ ਕੀ ਪੀਂਦੇ ਹਾਂ ?

ਦੁੱਧ ☐ ਚਾਹ ☐ ਪਾਣੀ ☐

(ਅ) ਪੌਦੇ ਧਰਤੀ ਹੇਠੋਂ ਪਾਣੀ ਕਿਵੇਂ ਚੂਸਦੇ ਹਨ ?

ਜੜ੍ਹਾਂ ਰਾਹੀਂ ☐

ਪੱਤਿਆਂ ਰਾਹੀਂ ☐

ਟਾਹਣੀਆਂ ਰਾਹੀਂ ☐

(ੲ) ਟਿਊਬਵੈੱਲਾਂ ਰਾਹੀਂ ਪਾਣੀ ਕਿੱਥੇ ਦਿੱਤਾ ਜਾਂਦਾ ਹੈ।

ਖੇਤਾਂ ਵਿੱਚ ☐ ਘਰਾਂ ਵਿੱਚ ☐ ਜੰਗਲਾਂ ਵਿੱਚ ☐

(ਸ) ਬਿਜਲੀ ਪੈਦਾ ਕਰਨ ਲਈ ਨਦੀਆਂ ਉੱਤੇ ਕੀ ਬਣਾਏ ਜਾਂਦੇ ਹਨ ?

ਕਾਰਖਾਨੇ ☐ ਡੈਮ ☐ ਬਿਜਲੀ-ਘਰ ☐

(ਹ) ਪਾਣੀ ਦੀ ਲੋੜ ਕਿਸਨੂੰ ਹੈ ?

ਮਨੁੱਖ ਨੂੰ ☐ ਜੀਵ-ਜੰਤੂਆਂ ਨੂੰ ☐ ਸਾਰਿਆਂ ਨੂੰ ☐

3. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ—**

(ੳ) ਪੌਦਿਆਂ ਨੂੰ ਪਾਣੀ ਦੀ ਕੋਈ ਲੋੜ ਨਹੀਂ। ☐

(ਅ) ਜੰਗਲੀ-ਜਾਨਵਰ ਪਾਣੀ ਤੋਂ ਬਿਨਾਂ ਵੀ ਰਹਿ ਲੈਂਦੇ ਹਨ। ☐

(ੲ) ਪਾਣੀ ਭੋਜਨ ਨੂੰ ਪਚਾਉਣ ਵਿੱਚ ਵੀ ਸਾਡੀ ਮਦਦ ਕਰਦਾ ਹੈ। ☐

### ਸੰਖੇਪ ਉੱਤਰ ਦਿਓ—

ਪ੍ਰਸ਼ਨ 4 ਜੰਗਲੀ ਜਾਨਵਰ ਪਾਣੀ ਕਿੱਥੋਂ ਪੀਂਦੇ ਹਨ ?

..........................................................................................

..........................................................................................

ਪ੍ਰਸ਼ਨ 5 ਮੱਝਾਂ ਤੇ ਗਾਂਵਾਂ ਇੱਕ ਵਾਰ ਵਿੱਚ ਕਿੰਨਾਂ ਪਾਣੀ ਪੀਂਦੀਆਂ ਹਨ ?

..........................................................................................

..........................................................................................

ਪ੍ਰਸ਼ਨ 6 ਪਾਣੀ ਕਿਉਂ ਜ਼ਰੂਰੀ ਹੈ ?

..........................................................................................

..........................................................................................



**ਜ਼ਰਾ ਸੋਚੋ—** ਜੇਕਰ ਇਸ ਧਰਤੀ 'ਤੇ ਪਾਣੀ ਨਹੀਂ ਹੋਵੇਗਾ ਤਾਂ ਕੀ ਹੋਵੇਗਾ ? (ਇਹ ਕਲਪਨਾ ਕਰਨ ਵਿੱਚ ਅਧਿਆਪਕ ਬੱਚਿਆਂ ਦੀ ਮਦਦ ਕਰੇ)

*****